## ਤਨਖਾਹਾਂ ਵਿਚ ਵਾਧੇ

| ਸ਼੍ਰੇਣੀਕਰਨ | ਜੂਨ, 2023 | ਜੂਨ, 2024 |
|---|---|---|
| ਲਾਈਟ ਡਿਊਟੀ < 6 ਮਹੀਨੇ | $17.56 | $18.66 |
| ਲਾਈਟ ਡਿਊਟੀ > 6 ਮਹੀਨੇ | $17.86 | $18.96 |
| ਹੈਵੀ ਡਿਊਟੀ < 6 ਮਹੀਨੇ | $18.28 | $19.38 |
| ਹੈਵੀ ਡਿਊਟੀ > 6 ਮਹੀਨੇ | $18.53 | $19.63 |
| ਸਪੈਸ਼ਲ ਪ੍ਰੋਜੈਕਟ ਵਰਕਰ | $19.53 | $20.63 |
| ਲੀਡ ਹੈਂਡ | $19.28 | $20.38 |
| ਓਪਰੇਸ਼ਨਲ ਕੋਆਰਡੀਨੇਟਰ | $22.48 | $23.58 |

ਇਸ ਐਗਰੀਮੈਂਟ ਹੇਠ ਕਵਰ ਕਿਸੇ ਵੀ ਵਿਅਕਤੀ ਨੂੰ ਵਾਧਾ ਹੇਠਾਂ ਦੱਸੇ ਗਏ ਨਾਲੋਂ ਘੱਟ ਨਹੀਂ ਮਿਲੇਗਾ:
**$1.20 ਜੂਨ 1, 2023 ਨੂੰ**
**$1.10 ਜੂਨ 1, 2024 ਨੂੰ**

## ਪ੍ਰੀਮੀਅਮਜ਼

ਰਾਤ ਦਾ ਪ੍ਰੀਮੀਅਮ 50 ਸੈਂਟਾਂ ($0.50) ਤੋਂ ਵਧਾ ਕੇ 75 ਸੈਂਟ ($0.75) ਕਰ ਦਿੱਤਾ ਗਿਆ ਹੈ। ਐਗਰੀਮੈਂਟ ਵਿਚ ਇਕ ਨਵਾਂ ਫੋਰਕਲਿਫਟ ਪ੍ਰੀਮੀਅਮ ਵੀ ਪਾਇਆ ਗਿਆ ਹੈ, ਜਿਹੜਾ ਹੈਵੀ ਡਿਊਟੀ ਰੇਟ ਜਮ੍ਹਾਂ ਇਕ ਡਾਲਰ ($1.00) ਪ੍ਰਤੀ ਘੰਟਾ ਹੈ।

ਇਹ ਨੋਟ ਕਰੋ ਕਿ ਲੀਡ ਹੈਂਡ ਅਤੇ ਸਪੈਸ਼ਲ ਪ੍ਰੋਜੈਕਟ ਹੁਣ ਸ਼੍ਰੇਣੀਆਂ (ਕਲਾਸੀਫਿਕੇਸ਼ਨਜ਼) ਹਨ ਅਤੇ ਇਨ੍ਹਾਂ ਨੂੰ ਤਨਖਾਹ ਦੇ ਸਲਾਨਾ ਵਾਧੇ ਦੇ ਨਾਲ ਵਾਧੂ 25 ਸੈਂਟ ($0.25) ਦਾ ਵਾਧਾ ਵੀ ਮਿਲਿਆ ਹੈ।

## ਈ ਐੱਸ ਏ ਟ੍ਰਿਗਰ ਲੈਂਗੂਏਜ

ਜੇ ਘੱਟੋ ਘੱਟ ਤਨਖਾਹ 2024 ਵਿਚ ਉੱਪਰ ਜਾਂਦੀ ਹੈ ਤਾਂ ਵਰਕਰਾਂ ਨੂੰ 55 ਸੈਂਟ ($0.55) + ਘੱਟੋ ਘੱਟ ਤਨਖਾਹ ਵਿਚ ਵਾਧੇ ਦਾ ਜਾਂ ਉਪਰਲੇ ਵਾਧਿਆਂ ਦਾ ਸੱਠ ਪ੍ਰਤੀਸ਼ਤ (60%), ਜਿਹੜਾ ਵੀ ਜ਼ਿਆਦਾ ਹੋਇਆ ਮਿਲੇਗਾ।

## ਤਨਖਾਹ ਦੀ ਨਿਰਪੱਖਤਾ ਲਈ ਮੀਅ ਟੂ ਲੈਂਗੂਏਜ

ਜੇ ਇਮਪਲੌਏਅਰ ਨਵੇਂ ਰੱਖੇ ਗਏ ਮੁਲਾਜ਼ਮਾਂ ਨੂੰ ਤਨਖਾਹ ਦਾ ਉਹ ਰੇਟ ਦਿੰਦਾ ਹੈ ਜਿਹੜਾ ਘੱਟੋ ਘੱਟ ਰੇਟਾਂ ਵਿਚ ਤਹਿ ਕੀਤੇ ਗਏ ਰੇਟਾਂ ਨਾਲੋਂ ਜ਼ਿਆਦਾ ਹੈ ਤਾਂ ਉਸੇ ਬਿਲਡਿੰਗ ਵਿਚਲੇ ਬਰਾਬਰ ਦੀ ਜਾਂ ਉਪਰਲੀ ਸ਼੍ਰੇਣੀ ਵਿਚਲੇ ਸਾਰੇ ਮੁਲਾਜ਼ਮ ਤਨਖਾਹ ਦੇ ਉਸ ਜ਼ਿਆਦਾ ਰੇਟ ਲਈ ਹੱਕਦਾਰ ਹੋਣਗੇ।

**ਸਕਾਈਟ੍ਰੇਨ 'ਤੇ ਬੀ-ਕਲੀਨ ਵਰਕਰਾਂ ਅਤੇ ਪੋਸਟ ਸੈਕੰਡਰੀ ਸੰਸਥਾਵਾਂ, ਈ ਏ ਸਪੋਰਟਸ ਅਤੇ ਕੋਸਟਲ ਮਾਊਨਟੇਨ ਬੱਸ ਵਿਖੇ ਬੈੱਸਟ ਕਲੀਨਰਜ਼ ਤਨਖਾਹ ਦੇ ਆਪਣੇ ਰੇਟਾਂ ਲਈ ਵੱਖਰਾ ਅਡੈਂਡਾ ਦੇਖਣ।**

ਜ਼ਿਆਦਾ ਜਾਣਕਾਰੀ ਲਈ **justiceforjanitors.ca** 'ਤੇ ਜਾਉ ਜਾਂ ਆਪਣੀ ਯੂਨੀਅਨ ਦੇ ਨੁਮਾਇੰਦੇ ਨਾਲ ਸੰਪਰਕ ਕਰੋ।

JUSTICE FOR JANITORS




2023

# ਸੈਂਟਰਲ ਬਾਰਗੇਨਿੰਗ ਕੌਨਟਰੈਕਟ ਦੀਆਂ ਵਿਸ਼ੇਸ਼ਤਾਵਾਂ

**ਤੁਹਾਡੇ ਨਵੇਂ ਕੋਲੈਕਟਿਵ ਐਗਰੀਮੈਂਟ ਦੀਆਂ ਤੁਹਾਨੂੰ ਵਧਾਈਆਂ!**

ਪਿਛਲੇ 7 ਸਾਲਾਂ ਦੌਰਾਨ ਵਰਕਰਾਂ ਵਲੋਂ ਕੀਤੀਆਂ ਗਈਆਂ ਵੱਡੀਆਂ ਕੋਸ਼ਿਸ਼ਾਂ ਕਰਕੇ, ਇਸ ਸਾਲ ਦੀ ਬਾਰਗੇਨਿੰਗ (ਸੌਦੇਬਾਜ਼ੀ), ਬ੍ਰਿਟਿਸ਼ ਕੋਲੰਬੀਆ ਵਿਚ 1980ਵਿਆਂ ਤੋਂ ਲੈ ਕੇ ਪਹਿਲੀ ਵਾਰੀ ਹੋਈ ਸੀ ਜਦੋਂ 2,500 ਨਾਲੋਂ ਜ਼ਿਆਦਾ ਵਰਕਰ ਸ਼ਹਿਰ ਭਰ ਦੇ ਕੌਨਟਰੈਕਟ ਲਈ ਇਕ ਕੇਂਦਰੀ ਬਾਰਗੇਨਿੰਗ ਟੇਬਲ ਉੱਪਰ ਇਕੱਠੇ ਹੋਏ।

ਇਸ ਨੇ ਸਾਨੂੰ ਆਪਣੇ ਇਮਪਲੌਏਅਰਜ਼ ਤੋਂ ਜ਼ਿਆਦਾ ਹਾਸਲ ਕਰਨ ਲਈ ਅਤੇ ਕੋਈ ਵੀ ਰਿਆਇਤ ਦੇਣ ਤੋਂ ਨਾਂਹ ਕਰਨ ਦੀ ਤਕੜੀ ਹਾਲਤ ਵਿਚ ਲਿਆ ਦਿੱਤਾ।

**ਰਲ ਕੇ, ਅਸੀਂ ਇਹ ਕਰ ਦਿੱਤਾ ਹੈ!**

ਲੋਅਰ ਮੇਨਲੈਂਡ, ਵਿਕਟੋਰੀਆ, ਅਤੇ ਕਲੋਨਾ ਵਿਚ ਬੀ-ਕਲੀਨ ਬਿਲਡਿੰਗ ਮੇਨਟੇਨੈਂਸ, ਬੈੱਸਟ ਸਰਵਿਸ ਪ੍ਰੋਸ, ਜੀ ਡੀ ਆਈ ਇਨਟੇਗਰੇਟਿਡ ਫਾਸਿਲਟੀ ਸਰਵਿਸਿਜ਼, ਐਲਪਾਈਨ ਬਿਲਡਿੰਗ ਮੇਨਟੇਨੈਂਸ, ਅਲਟਰਾ-ਟੈਕ ਕਲੀਨਿੰਗ ਸਿਸਟਮਜ਼, ਹਾਲਮਾਰਕ ਹਾਊਸਕੀਪਿੰਗ ਸਰਵਿਸਿਜ਼, ਬੀ ਜੀ ਆਈ ਐੱਸ ਇਨਟੇਗਰੇਟਿਡ ਫਾਸਿਲਟੀ ਮੈਨੇਜਮੈਂਟ ਅਤੇ ਸੀ ਐਂਡ ਡਬਲਯੂ ਸਰਵਿਸਿਜ਼ ਨਾਲ ਕੰਮ ਕਰਦੇ ਮੈਂਬਰਾਂ ਲਈ।

[Punjabi]

# ਇਹ ਉਨ੍ਹਾਂ ਮੁੱਖ ਪ੍ਰਾਪਤੀਆਂ ਦੀ ਲਿਸਟ ਹੈ ਜਿਹੜੀਆਂ ਤੁਹਾਡੀ ਬਾਰਗੇਨਿੰਗ ਕਮੇਟੀ ਨੇ ਪ੍ਰਾਪਤ ਕੀਤੀਆਂ ਹਨ:

## ਕੌਂਨਟਰੈਕਟ ਦੀ ਮਿਆਦ

### ਜੂਨ 1, 2023– ਮਈ 31, 2025

ਇਸ ਕੌਂਨਟਰੈਕਟ ਦੀ ਮਿਆਦ 2 ਸਾਲ ਹੋਵੇਗੀ। ਕੌਂਨਟਰੈਕਟ ਦੀ ਛੋਟੀ ਮਿਆਦ ਦੇ ਫਾਇਦੇ ਦਾ ਮਤਲਬ ਇਹ ਹੈ ਕਿ ਅਸੀਂ ਕੰਮ ਵਾਲੀ ਥਾਂ ’ਤੇ ਹੋਰ ਸੁਧਾਰਾਂ ਦੀ ਮੰਗ ਕਰਨ ਲਈ ਟੇਬਲ ’ਤੇ ਛੇਤੀ ਵਾਪਸ ਜਾਵਾਂਗੇ।

## ਜੌਬ ਸਕਿਉਰਟੀ

ਤੁਹਾਡੀ ਬਾਰਗੇਨਿੰਗ ਕਮੇਟੀ ਨੇ ਇਹ ਯਕੀਨੀ ਬਣਾਉਣ ਲਈ ਲੜਾਈ ਲੜੀ ਹੈ ਕਿ ਸਾਡੇ ਕੋਲ ਮਜ਼ਬੂਤ ਭਾਸ਼ਾ ਹੈ ਜਿਹੜੀ ਵਰਕਰਾਂ ਨੂੰ ਸਬਕੌਂਨਟਰੈਕਿੰਗ ਤੋਂ ਬਚਾਉਂਦੀ ਹੈ ਅਤੇ ਖਰਚਿਆਂ ਨੂੰ ਘਟਾਉਣ ਲਈ ਬਾਰਗੇਨਿੰਗ ਯੂਨਿਟ ਦੇ ਕੰਮ ਨੂੰ ਸਬਕੌਂਨਟਰੈਕਟਰਾਂ ਨਾਲ ਬਦਲਣ ਤੋਂ ਰੱਖਿਆ ਕਰਦੀ ਹੈ।

## ਮੈਡੀਕਲ ਨੋਟ

**ਬੀਮਾਰ ਰਹਿਣ ਦੇ ਤਿੰਨ ਜਾਂ ਜ਼ਿਆਦਾ ਦਿਨਾਂ** ਬਾਅਦ ਤੁਹਾਡਾ ਇਮਪਲੌਏਅਰ ਤੁਹਾਨੂੰ ਮੈਡੀਕਲ ਨੋਟ ਲਈ ਕਹਿ ਸਕਦਾ ਹੈ। ਜੇ ਉਹ ਤੁਹਾਡੇ ਤੋਂ ਨੋਟ ਮੰਗਦਾ ਹੈ ਤਾਂ ਉਸ ਨੂੰ ਮੈਡੀਕਲ ਨੋਟ ਦਾ ਖਰਚਾ ਤੁਹਾਨੂੰ ਵਾਪਸ ਕਰਨ ਦੀ ਲੋੜ ਹੁੰਦੀ ਹੈ।

## ਜੌਬ ਪੋਸਟਿੰਗਾਂ, ਲੇਅ-ਔਫ ਦੇ ਹੱਕ ਅਤੇ ਸਾਈਟ ਟ੍ਰਾਂਸਫਰ ਲਈ ਬੇਨਤੀਆਂ

ਤੁਹਾਡੇ ਕੋਲੈਕਟਿਵ ਐਗਰੀਮੈਂਟ ਵਿਚ ਆਰਟੀਕਲ 12 ਇਹ ਦੱਸਦਾ ਹੈ ਕਿ ਕਿਵੇਂ ਇਮਪਲੌਏਅਰ ਨੂੰ ਨਵੀਂਆਂ ਜੌਬਾਂ ਪੋਸਟ ਕਰਨ ਦੀ ਲੋੜ ਹੁੰਦੀ ਹੈ ਤਾਂ ਜੋ ਬਾਹਰੋਂ ਭਰਤੀ ਕਰਨ ਤੋਂ ਪਹਿਲਾਂ ਮੌਜੂਦਾ ਮੁਲਾਜ਼ਮਾਂ ਨੂੰ ਪੋਜ਼ੀਸ਼ਨਾਂ ਲਈ ਅਪਲਾਈ ਕਰਨ ਦਾ ਮੌਕਾ ਦਿੱਤਾ ਜਾ ਸਕੇ।

ਲੀਡ ਹੈਂਡ ਅਤੇ ਸਪੈਸ਼ਲ ਪ੍ਰੋਜੈਕਟ ਵਰਕਰ ਹੁਣ ਕੰਮ ਦੀਆਂ ਸ਼੍ਰੇਣੀਆਂ ਹਨ ਜਿਨ੍ਹਾਂ ’ਤੇ ਜੌਬ ਪੋਸਟਿੰਗ ਦੇ ਤਰੀਕੇ ਲਾਗੂ ਹੁੰਦੇ ਹਨ।

ਜੌਬ ਪੋਸਟਿੰਗ ਦੀਆਂ ਇਹ ਸੁਧਰੀਆਂ ਹੋਈਆਂ ਸ਼ਰਤਾਂ ਕੰਪਨੀ ਭਰ ਵਿਚ ਸੀਨੀਆਰਿਟੀ ਦੇ ਸਿਸਟਮ ’ਤੇ ਆਧਾਰਿਤ ਹਨ।

ਤੁਹਾਡੀ ਬਾਰਗੇਨਿੰਗ ਕਮੇਟੀ ਨੇ ਇਹ ਦੱਸਣ ਵਾਲੇ ਸ਼ਬਦ ਵੀ ਹਾਸਲ ਕੀਤੇ ਹਨ ਕਿ ਇਮਪਲੌਏਅਰ “ਮੁਲਾਜ਼ਮਾਂ ਨੂੰ ਆਪਣੀ ਮਰਜ਼ੀ ਨਾਲ ਥਾਂਵਾਂ ਵਿਚਕਾਰ ਤਬਦੀਲ ਨਹੀਂ ਕਰ ਸਕਦਾ” ਅਤੇ ਇਹ ਵਰਕਰਾਂ ਨੂੰ ਕੰਮ ਦੀਆਂ ਯੂਨੀਅਨ ਵਾਲੀਆਂ ਹੋਰ ਥਾਂਵਾਂ ’ਤੇ ਜੌਬ ਪੋਸਟਿੰਗਾਂ ਲਈ ਵਿਚਾਰੇ ਜਾਣ ਦਾ ਮੌਕਾ ਵੀ ਦਿੰਦਾ ਹੈ ਜੇ ਉਹ ਇਮਪਲੌਏਅਰ ਨੂੰ ਲਿਖਤੀ ਰੂਪ ਵਿਚ ਦੱਸ ਕੇ ਇਹ ਕਰਨਾ ਚਾਹੁੰਦੇ ਹਨ।

## ਬਰੇਕਸ

ਸੱਤ (7) ਜਾਂ ਜ਼ਿਆਦਾ ਘੰਟਿਆਂ ਦੀ ਸ਼ਿਫਟ ਵਾਲੇ ਮੁਲਾਜ਼ਮ ਆਪਣੀ ਸ਼ਿਫਟ ਦੌਰਾਨ ਤਨਖਾਹ ਸਮੇਤ ਦੋ (2) ਪੰਦਰਾਂ (15) ਮਿੰਟਾਂ ਦੇ ਆਰਾਮ ਦੇ ਸਮੇਂ ਲਈ ਹੱਕਦਾਰ ਹੋਣਗੇ।

ਸੱਤ (7) ਨਾਲੋਂ ਘੱਟ ਘੰਟਿਆਂ ਦੀ ਸ਼ਿਫਟ ਵਾਲਾ ਹਰ ਮੁਲਾਜ਼ਮ ਆਪਣੀ ਸ਼ਿਫਟ ਦੌਰਾਨ ਤਨਖਾਹ ਸਮੇਤ ਇਕ (1) ਪੰਦਰਾਂ (15) ਮਿੰਟਾਂ ਦੇ ਆਰਾਮ ਦੇ ਸਮੇਂ ਲਈ ਹੱਕਦਾਰ ਹੋਵੇਗਾ।

ਪੰਜ (5) ਜਾਂ ਜ਼ਿਆਦਾ ਘੰਟਿਆਂ ਦੀ ਸ਼ਿਫਟ ਵਾਲੇ ਮੁਲਾਜ਼ਮ ਅੱਧੇ (1/2) ਘੰਟੇ ਦੀ ਬਿਨਾਂ ਤਨਖਾਹ ਦੇ ਖਾਣੇ ਲਈ ਛੁੱਟੀ ਦੇ ਹੱਕਦਾਰ ਹੋਣਗੇ।

“ਇਮਪਲੌਏਅਰ ਅਤੇ ਮੁਲਾਜ਼ਮ ਵਿਚਕਾਰ ਆਪਸੀ ਸਮਝੌਤੇ ਅਧੀਨ ਇਹ ਬਰੇਕ ਮੁਲਾਜ਼ਮ ਦੀ ਸ਼ਿਫਟ ਦੇ ਅੰਤ ’ਤੇ ਕੀਤੀ ਜਾ ਸਕਦੀ ਹੈ।”

ਪ੍ਰਾਰਥਨਾ ਦੇ ਸਮੇਂ ਜਾਂ ਧਾਰਮਿਕ ਵਰਤ ਰੱਖਣ ਵਾਲੇ ਮੁਲਾਜ਼ਮਾਂ ਲਈ ਇਮਪਲੌਏਅਰ ਬਰੇਕ ਦੇ ਸਮਿਆਂ ਵਿਚ ਸੋਧ ਕਰਨ ਲਈ ਵਾਜਬ ਕੋਸ਼ਿਸ਼ਾਂ ਕਰੇਗਾ।

## ਵਕੇਸ਼ਨ ਪੇਅ ਅਤੇ ਛੁੱਟੀਆਂ ਵਿਚ ਸੁਧਾਰ

ਟਰੁੱਥ ਐਂਡ ਰੀਕੌਂਸੀਲੇਸ਼ਨ ਨੂੰ ਹੁਣ ਤੁਹਾਡੇ ਕੋਲੈਕਟਿਵ ਐਗਰੀਮੈਂਟ ਵਿਚ ਮਾਨਤਾ ਪ੍ਰਾਪਤ ਛੁੱਟੀ ਸਮਝਿਆ ਜਾਵੇਗਾ!

ਜਨਵਰੀ 2024 ਤੋਂ, ਜਿਨ੍ਹਾਂ ਮੁਲਾਜ਼ਮਾਂ ਨੇ ਕੰਮ ਦੇ ਚਾਰ (4) ਸਾਲ ਪੂਰੇ ਕਰ ਲਏ ਹੋਣਗੇ, ਉਹ ਛੇ ਪ੍ਰਤੀਸ਼ਤ (6%) ਤਨਖਾਹ ’ਤੇ ਤਿੰਨ (3) ਹਫਤਿਆਂ ਦੀ ਵਕੇਸ਼ਨ ਲਈ ਹੱਕਦਾਰ ਹੋਣਗੇ ਅਤੇ ਜਿਨ੍ਹਾਂ ਨੇ ਦਸ (10) ਸਾਲ ਪੂਰੇ ਕਰ ਲਏ ਹੋਣਗੇ, ਉਨ੍ਹਾਂ ਨੂੰ ਅੱਠ ਪ੍ਰਤੀਸ਼ਤ (8%) ਤਨਖਾਹ ’ਤੇ ਚਾਰ (4) ਹਫਤਿਆਂ ਦੀ ਵਕੇਸ਼ਨ ਮਿਲੇਗੀ।

ਉਨ੍ਹਾਂ ਬਿਲਡਿੰਗਾਂ ਵਿਚ ਜਿੱਥੇ ਇਕ ਹਿੱਸਾ, ਜਾਂ ਸਾਰੇ ਵਸਨੀਕ ਈਸਟਰ ਮੰਡੇ ਮਨਾਉਂਦੇ ਹਨ ਅਤੇ ਇਮਪਲੌਏਅਰ ਕਿਸੇ ਮੁਲਾਜ਼ਮ ਨੂੰ ਇਨ੍ਹਾਂ ਦਿਨਾਂ ਵਿਚ ਕੰਮ ਲਈ ਰਿਪੋਰਟ ਨਾ ਕਰਨ ਲਈ ਕਹਿੰਦਾ ਹੈ ਤਾਂ ਅਜਿਹਾ ਲਿਖਤੀ ਰੂਪ ਵਿਚ ਕੀਤਾ ਜਾਵੇਗਾ ਅਤੇ ਉਹ ਦਿਨ ਲਈ ਆਪਣੀ ਆਮ ਤਨਖਾਹ ਲੈਣ ਦੇ ਹੱਕਦਾਰ ਹੋਣਗੇ।

ਜਨਵਰੀ 2024 ਤੋਂ, ਇਸ ਐਗਰੀਮੈਂਟ ਹੇਠ ਕਵਰ **ਸਾਰੇ ਮੁਲਾਜ਼ਮਾਂ** ਦੀ ਵਕੇਸ਼ਨ ਪੇਅ ਜਮ੍ਹਾਂ ਹੋਵੇਗੀ ਜੋ ਕਿ ਵਕੇਸ਼ਨ ਲੈਣ ਵੇਲੇ ਜਾਂ ਸਾਲ ਦੇ ਅੰਤ ’ਤੇ ਕੈਸ਼ ਵਿਚ ਬਦਲੀ ਜਾ ਸਕੇਗੀ।

## ਤਨਖਾਹ ਸਮੇਤ ਨਿੱਜੀ ਦਿਨ

ਆਪਣੀ ਪ੍ਰੋਬੇਸ਼ਨ ਪੂਰੀ ਕਰਨ ਵਾਲੇ ਵਰਕਰ ਹਰ ਸਾਲ ਤਨਖਾਹ ਸਮੇਤ ਇਕ (1) ਨਿੱਜੀ ਦਿਨ ਦੇ ਹੱਕਦਾਰ ਹੋਣਗੇ।

ਜਿਨ੍ਹਾਂ ਵਰਕਰਾਂ ਨੇ ਪੰਜ (5) ਸਾਲ ਦੀ ਸਰਵਿਸ ਪੂਰੀ ਕਰ ਲਈ ਹੈ, ਉਨ੍ਹਾਂ ਕੋਲ ਪ੍ਰਤੀ ਸਾਲ ਤਨਖਾਹ ਸਮੇਤ ਇਕ ਹੋਰ ਨਿੱਜੀ ਦਿਨ ਹੋਵੇਗਾ (ਪ੍ਰਤੀ ਸਾਲ ਤਨਖਾਹ ਸਮੇਤ ਦੋ (2) ਦਿਨ)।

## ਤਨਖਾਹ ਸਮੇਤ ਬੀਮਾਰੀ ਦੇ ਦਿਨ

ਆਪਣੀ ਪ੍ਰੋਬੇਸ਼ਨ ਪੂਰੀ ਕਰਨ ਵਾਲੇ ਵਰਕਰ ਹਰ ਸਾਲ ਤਨਖਾਹ ਸਮੇਤ ਪੰਜ (5) ਬੀਮਾਰੀ ਦੇ ਦਿਨਾਂ ਦੀ ਛੁੱਟੀ ਦੇ ਹੱਕਦਾਰ ਹੋਣਗੇ।

ਸਾਡੇ ਕੋਲੈਕਟਿਵ ਐਗਰੀਮੈਂਟ ਵਿਚ ਇਸ ਧਾਰਾ ਨੂੰ ਸਪਸ਼ਟ ਤੌਰ ’ਤੇ ਦਰਸਾਏ ਜਾਣ ਨਾਲ ਇਹ ਗਾਰੰਟੀ ਮਿਲਦੀ ਹੈ ਕਿ ਸਾਡੇ ਕੋਲ ਤਨਖਾਹ ਸਮੇਤ ਬੀਮਾਰੀ ਦੀ ਛੁੱਟੀ ਦੇ ਇਹ ਦਿਨ ਹਨ ਭਾਵੇਂ ਕਦੇ ਵੀ ਅਜਿਹੀ ਸਰਕਾਰ ਆਉਂਦੀ ਹੈ ਜਿਹੜੀ ਵਰਕਰ ਦੇ ਕਾਨੂੰਨੀ ਬੈਨੇਫਿਟਸ ਨੂੰ ਵਾਪਸ ਲੈਣ ਦਾ ਫੈਸਲਾ ਕਰਦੀ ਹੈ।

## ਵਰਦੀ ਲਈ ਅਲਾਉਂਸ

ਵਰਦੀ ਵਾਲੀਆਂ ਪੈਂਟਾਂ ਖਰੀਦਣ ਲਈ ਅਲਾਉਂਸ (ਜੇ ਤੁਹਾਡੇ ਇਮਪਲੌਏਅਰ ਵਲੋਂ ਪਹਿਲਾਂ ਹੀ ਜਾਰੀ ਨਹੀਂ ਕਰ ਦਿੱਤਾ ਗਿਆ) ਪ੍ਰਤੀ ਸਾਲ $50 ਤੋਂ ਵਧਾ ਕੇ $100 ਕਰ ਦਿੱਤਾ ਗਿਆ ਹੈ।

ਤੁਹਾਡੀਆਂ ਵਰਦੀਆਂ ਨੂੰ ਧੋਣ ਦੇ ਖਰਚਿਆਂ ਵਿਚ ਮਦਦ ਲਈ ਇਮਪਲੌਏਅਰ ਪ੍ਰਤੀ ਘੰਟੇ ਦੋ (2) ਸੈਂਟਾਂ ਦਾ ਵਾਧੂ ਯੋਗਦਾਨ ਵੀ ਪਾਉਣਗੇ।

ਤੁਹਾਡਾ ਇਮਪਲੌਏਅਰ, ਉਨ੍ਹਾਂ ਵਰਕਰਾਂ ਨੂੰ ਕੰਪਨੀ ਦੀ ਪਛਾਣ ਕਰਵਾਉਣ ਵਾਲਾ ਸਰਦੀਆਂ ਲਈ ਕੋਟ ਅਤੇ ਸਰਦੀਆਂ ਲਈ ਗਲੱਵ ਵੀ ਉਪਲਬਧ ਕਰਵਾਏਗਾ ਜਿਨ੍ਹਾਂ ਨੂੰ ਸਰਦੀਆਂ ਦੇ ਮਹੀਨਿਆਂ ਦੌਰਾਨ ਬਾਹਰ ਕੰਮ ਕਰਨਾ ਪੈਂਦਾ ਹੈ।

## ਹੈਲਥ ਬੈਨੇਫਿਟਸ

ਬੈਨੇਫਿਟਸ ਲਈ ਨਾਂ ਦਰਜ ਕਰਨ ਦੀ ਹੱਕਦਾਰੀ ਨੌਂ (9) ਮਹੀਨਿਆਂ ਤੋਂ ਘੱਟ ਕੇ ਛੇ (6) ਮਹੀਨੇ ਹੋ ਗਈ ਹੈ।

ਤੁਹਾਡਾ ਇਮਪਲੌਏਅਰ ਤੁਹਾਡੇ ਬੈਨੇਫਿਟਸ ਵਿਚ ਕੀਤੇ ਕੰਮ ਦੇ ਹਰ ਘੰਟੇ ਦੇ $1.27 ਦੇ ਪ੍ਰੀਮੀਅਮ ਦੇਣਾ ਜਾਰੀ ਰੱਖੇਗਾ। ਇਸ ਕੋਲੈਕਟਿਵ ਐਗਰੀਮੈਂਟ ਦੌਰਾਨ, ਯੂਨੀਅਨ ਟਰੱਸਟ ਇਹ ਦੇਖਣ ਲਈ ਰਿਵੀਊ ਕਰੇਗਾ ਕਿ ਕੀ ਤੁਹਾਡੇ ਬੈਨੇਫਿਟਸ ਵਿਚ ਸੁਧਾਰ ਕਰਨ ਲਈ ਹੋਰ ਪੈਸੇ ਉਪਲਬਧ ਹਨ।

ਇਹ ਨੋਟ ਕਰੋ ਕਿ ਜਿਹੜੇ ਵਰਕਰ ਬੈਨੇਫਿਟਸ ਨਾਲ ਕਵਰ ਨਹੀਂ ਹਨ (ਜਿਹੜੇ ਪ੍ਰਤੀ ਮਹੀਨਾ 87 ਘੰਟਿਆਂ ਨਾਲੋਂ ਘੱਟ ਕੰਮ ਕਰਦੇ ਹਨ) ਉਨ੍ਹਾਂ ਦੀ ਹੁਣ ਲਾਈਫ ਇਨਸ਼ੋਰੈਂਸ ਅਤੇ ਐਕਸੀਡੈਂਟਲ ਡੈੱਥ ਅਤੇ ਡਿਸਮੈਂਬਰਮੈਂਟ ਇਨਸ਼ੋਰੈਂਸ ਤੱਕ ਪਹੁੰਚ ਹੋਵੇਗੀ। ਜ਼ਿਆਦਾ ਵੇਰਵਿਆਂ ਲਈ ਬੈਨੇਫਿਟ ਵਾਲਾ ਕਿਤਾਬਚਾ ਦੇਖੋ।

## ਜੌਬ ਦੇ ਵੇਰਵਿਆਂ ਬਾਰੇ ਸਮਝ ਪੱਤਰ

ਇਕ ਸਬ-ਕਮੇਟੀ ਬਣਾਈ ਗਈ ਹੈ ਜੋ ਇਸ ਐਗਰੀਮੈਂਟ ਹੇਠ ਕਵਰ ਸ਼੍ਰੇਣੀਆਂ ਲਈ ਜੌਬ ਦੇ ਵੇਰਵਿਆਂ ਬਾਰੇ ਗੱਲਬਾਤ ਕਰਨ ਲਈ ਤੀਹ (30) ਦਿਨਾਂ ਦੇ ਵਿਚ ਵਿਚ ਮਿਲੇਗੀ।

SEIU 2